## ਦਫਤਰ: ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਭ ਤੇ ਮ ਸਾਖਾ, ਰੂਪਨਗਰ

ਈ-ਮੇਲ:- pwdropar@yahoo.co.in

---

ਵੱਲ

ਪ੍ਰਿੰਸੀਪਲ,
ਸਤਲੁਜ ਪਬਲਿਕ ਸਕੂਲ,
ਹੁਸੈਨਪੁਰ, ਰੂਪਨਗਰ।

ਪੱਤਰ ਨੰਬਰ:- 4167 ਮਿਤੀ:- 15/05/2025

ਵਿਸ਼ਾ:- ਸਾਲ 2025-2026 ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ- ਆਪ ਦਾ ਪੱਤਰ ਨੰਬਰ SPS/PWD /2025/1841 ਮਿਤੀ 26-03-2025

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਹਵਾਲੇ ਅਧੀਨ ਪੱਤਰ ਰਾਹੀ ਆਪ ਵੱਲੋ ਭੇਜੇ ਗਏ ਨਕਸ਼ੇ ਅਨੁਸਾਰ ਉਪ ਮੰਡਲ ਇੰਜੀਨੀਅਰ , ਉਸਾਰੀ ਉਪ ਮੰਡਲ ਨੰ: 2, ਭ ਤੇ ਮ ਸਾਖਾ , ਰੂਪਨਗਰ ਵੱਲੋ ਸਕੂਲ ਦੀ ਬਿਲਡਿੰਗ ਦਾ ਨਿਰੀਖਣ ਕੀਤਾ ਗਿਆ ਅਤੇ ਨਿਰੀਖਣ ਦੌਰਾਨ ਇਹ ਇਮਾਰਤ ਬਾਹਰੀ ਦਿੱਖ ਤੋਂ ਵਰਤੋਂ ਯੋਗ ਸੇਫ ਪਾਈ ਗਈ। ਇਸ ਲਈ ਇਸ ਬਿਲਡਿੰਗ ਦਾ ਸਾਲ 2025-2026 ਤੱਕ ਬਿਲਡਿੰਗ ਸੇਫਟੀ ਸਰਟੀਫਿਕੇਟ ਹੇਠ ਲਿਖੀਆਂ ਸਰਤਾਂ ਤੇ ਜਾਰੀ ਕੀਤਾ ਜਾਂਦਾ ਹੈ।

1) ਸਕੂਲ ਬਿਲਡਿੰਗ ਦੀ ਬਾਹਰੀ ਦਿੱਖ ਤੋਂ ਅੰਦਰੂਨੀ ਸਟਰਕਚਰਲ ਸਟੇਬਿਲਟੀ ਚੈਕ ਨਹੀਂ ਕੀਤੀ ਜਾ ਸਕਦੀ। ਇਸ ਲਈ ਜੇਕਰ ਕਿਸੇ ਵੀ ਸਮੇਂ ਬਿਲਡਿੰਗ ਦੇ ਸਟਰਕਚਰਲ ਡਿਜਾਈਨ ਵਿੱਚ ਕਮੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ, ਤਾਂ ਇਸ ਲਈ ਸਕੂਲ ਅਥਾਰਟੀ ਖੁਦ ਜਿਮੇਵਾਰ ਹੋਵੇਗੀ।
2) ਜੇਕਰ ਆਪ ਵੱਲੋਂ ਕਿਸੇ ਵੀ ਤਰ੍ਹਾਂ ਦੀ ਅਡੀਸਨ /ਆਲਟਰੇਸਨ ਅਤੇ ਮੋਡੀਫਿਕੇਸਨ ਕੀਤੀ ਜਾਂਦੀ ਹੈ ਤਾਂ ਉਹ ਕਿਸੀ ਟੈਕਨੀਕਲ ਕੁਆਲੀਫਾਈਡ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇ ਅਤੇ ਉਸ ਇੰਜੀਨੀਅਰ ਤੋਂ ਸਰਟੀਫਿਕੇਟ ਲਿਆ ਜਾਵੇ ਕਿ ਇਸ ਅਡੀਸਨ /ਆਲਟਰੇਸਨ ਅਤੇ ਮੋਡੀਫਿਕੇਸਨ ਕਰਨ ਨਾਲ ਬਿਲਡਿੰਗ ਸਟਰਕਚਰਲੀ ਸੇਫ ਰਹੇਗੀ ਅਤੇ ਇਹ ਕੰਮ ਕਰਨ ਤੋਂ ਬਾਅਦ ਦੁਬਾਰਾ ਤੋਂ ਬਿਲਡਿੰਗ ਸੇਫਟੀ ਸਰਟੀਫਿਕੇਟ ਲਿਆ ਜਾਵੇ।
3) ਜੇਕਰ ਬਿਲਡਿੰਗ ਨੂੰ ਹੜ੍ਹ / ਕੁਦਰਤੀ ਆਫਤਾਂ ਕਾਰਨ ਕੋਈ ਨੁਕਸਾਨ ਅਤੇ ਦੀਵਾਰਾਂ / ਨੀਹਾਂ ਵਿੱਚ ਕਿਸੇ ਤਰ੍ਹਾਂ ਦੀ ਸੈਟਲਮੈਂਟ ਅਤੇ ਛੱਤਾਂ ਵਿੱਚ ਸੈਗਿੰਗ ਆਉਂਦੀ ਹੈ ਤਾਂ ਆਪ ਵੱਲੋਂ ਇਸ ਵਿਭਾਗ ਦੇ ਧਿਆਨ ਵਿੱਚ ਲਿਆਂਦੀ ਜਾਵੇ।
4) ਕੇਸ ਨਾਲ ਫਾਇਰ ਸੇਫਟੀ ਸਬੰਧੀ ਜੋ ਸਰਟੀਫਿਕੇਟ ਲਗਾਇਆ ਗਿਆ ਹੈ, ਉਹ ਸਿਰਫ 22-10-2025 ਤੱਕ ਹੀ ਵੈਲਿਡ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਫਾਇਰ ਸੇਫਟੀ ਸਰਟੀਫਿਕੇਟ ਨੂੰ ਰੀਨਿਊ ਕਰਵਾਉਣ ਉਪਰੰਤ ਸਰਟੀਫਿਕੇਟ ਦੀ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ, ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਇਸ ਐਨ.ਓ.ਸੀ ਨੂੰ 22-10-2025 ਤੋਂ ਬਾਅਦ ਰੱਦ ਸਮਝਿਆ ਜਾਵੇਗਾ।
5) ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹੋਵੇਗਾ।

ਨੱਥੀ/ ਨਿੱਲ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਭ ਤੇ ਮ ਸਾਖਾ,
ਰੂਪਨਗਰ।
ਮਿਤੀ:

ਪਿੱਠ ਅੰਕਣ ਨੰ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ , ਉਸਾਰੀ ਉਪ ਮੰਡਲ ਨੰ: 2 ਭ ਤੇ ਮ ਸਾਖਾ, ਰੂਪਨਗਰ ਨੂੰ ਉਨਾਂ ਦੇ ਪੱਤਰ ਨੰਬਰ 198 ਮਿਤੀ 12-05-2025 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਨੱਥੀ/ ਨਿੱਲ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਭ ਤੇ ਮ ਸਾਖਾ,
ਰੂਪਨਗਰ।